ਹਰ ਹਫਤੇ ਪੂਰੇ ਅਮਰੀਕਾ ਅਤੇ ਚੰਡੀਗੜ੍ਹ ਤੋਂ ਛਪਣ ਵਾਲਾ ਨਿਵੇਕਲਾ ਅਖ਼ਬਾਰ

# ਪਰਦੇਸ ਨਿਊਜ਼

ਮਾਂ ਬੋਲੀ ਅਤੇ ਪੰਜਾਬੀਅਤ ਨੂੰ ਸਮਰਪਿਤ

Managing Director/Publisher
Jeet Singh Sohi/Makhan Singh Sandhu

Editor-in-Chief
Maninder Singh

Vol 5 No 20 March 10, 2010 Phone 917-500-9893, 917-603-6667, 917-324-6008, 917 418 0234 Fax 1-866-268-6153, E-mail:info@pardesnews.com

## ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂਘਰ 'ਚ ਸ਼ਾਂਤੀ ਬਹਾਲੀ ਲਈ ਯਤਨਾਂ 'ਚ ਅੜਿੱਕਾ

### ਜਰਨੈਲ ਸਿੰਘ ਗਿਲਜ਼ੀਆਂ, ਹਰਨਾਮ ਸਿੰਘ ਤੇ ਕੁਲਬੀਰ ਸਿੰਘ ਹਾਲਾਤ ਸੁਧਾਰਨ ਲਈ ਤਤਪਰ

ਨਿਊਯਾਰਕ - ਇੱਥੋਂ ਦੇ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂਘਰ ਵਿੱਚ ਬੀਤੇ ਦਿਨੀਂ ਹੈਡ ਗ੍ਰੰਥੀ ਦੀ ਮੁਅੱਤਲੀ ਅਤੇ ਸੇਵਾਵਾਂ ਨੂੰ ਲੈ ਕੇ ਉਠੇ ਵਿਵਾਦ ਨੇ ਨਵਾਂ ਮੋੜ ਲੈ ਲਿਆ ਹੈ। ਇਸ ਸਾਰੇ ਘਟਨਾਕ੍ਰਮ ਬਾਰੇ ਜਾਣਕਾਰੀ ਦਿੰਦਿਆਂ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਗਿਲਜ਼ੀਆਂ, ਸਕੱਤਰ ਹਰਨਾਮ ਸਿੰਘ, ਜਨਰਲ ਸਕੱਤਰ ਕੁਲਬੀਰ ਸਿੰਘ ਤੇ ਹੋਰ ਸੱਜਣਾਂ ਨੇ ਗੁਰੂਘਰ ਦੀ ਅਮਨ ਸ਼ਾਂਤੀ ਨੂੰ ਮੁੜ ਬਹਾਲ ਅਤੇ ਬਰਕਰਾਰ ਰੱਖਣ ਲਈ ਸਾਰਥਿਕ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਪਰ ਉਨ੍ਹਾਂ ਦੀ ਸੋਚ ਤੋਂ ਉਲਟ ਸ਼ਾਂਤੀ ਅਤੇ ਏਕਤਾ ਨਾ ਚਾਹੁਣ ਵਾਲੇ ਕੁੱਝ ਲੋਕ ਆਪ ਮੁਹਾਰੇ



ਭੰਡੀ ਪ੍ਰਚਾਰ ਕਰਨ ਲੱਗ ਪਏ ਹਨ। ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਮੌਜੂਦਾ ਉਕਤ ਤਿੰਨੇ ਅਹੁਦੇਦਾਰਾਂ ਨੇ ਸਥਿਤੀ ਨੂੰ ਸਾਂਭਣ ਲਈ ਬਣਦੇ ਅਤੇ ਅਗਾਊਂ ਕਦਮ ਚੁੱਕ ਕੇ ਸਿੱਖ ਮਰਿਆਦਾ ਨੂੰ ਕਾਇਮ ਰੱਖਣ ਦਾ ਯਤਨ ਕੀਤਾ। ਮਾਮਲਾ ਹੈਡ ਗ੍ਰੰਥੀ ਜਸਪਾਲ ਸਿੰਘ ਦਾ ਹੈ ਜੋ ਕਿ ਮੌਜੂਦਾ ਕਮੇਟੀ ਵਲੋਂ ਸੇਵਾਵਾਂ ਤੋਂ ਮੁਅੱਤਲ ਕੀਤਾ ਹੋਇਆ ਹੈ ਪਰ ਫਿਰ ਵੀ ਇਨਸਾਨੀਅਤ ਦੇ ਨਾਤੇ ਉਸ ਨੂੰ ਉਸ ਦੇ ਮਿੱਥੇ ਸਮਾਕਾਲ ਤੱਕ ਤਨਖ਼ਾਹ ਸਮੇਤ ਸਾਰੇ ਭੱਤੇ ਦਿੱਤੇ ਜਾ ਰਹੇ ਹਨ। ਬੀਤੇ ਦਿਨੀਂ ਮੌਜੂਦਾ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਹੈਡ ਗ੍ਰੰਥੀ ਭਾਈ ਜਸਪਾਲ ਸਿੰਘ ਨੂੰ ਸਿਰਫ਼ ਯਾਦ ਦਵਾਉਣ ਦੀ ਮਨਸ਼ਾ ਨਾਲ ਉਨ੍ਹਾਂ ਦੇ ਖ਼ਤਮ ਹੋ ਰਹੇ ਸੇਵਾਕਾਲ ਬਾਰੇ ਯਾਦ ਪੱਤਰ ਦਿੱਤਾ। ***ਬਾਕੀ ਸਫਾ 17 'ਤੇ***

## ਸੰਤ ਬਾਬਾ ਮਹਾ ਹਰਨਾਮ ਸਿੰਘ ਭੁੱਚੋ ਵਾਲਿਆਂ ਦਾ ਪ੍ਰਕਾਸ਼ ਦਿਹਾੜਾ 14 ਮਾਰਚ ਨੂੰ ਮਨਾਇਆ ਜਾਵੇਗਾ

### ਗੁਰੂ ਪਿਆਰਿਆਂ ਨੂੰ ਪਹੁੰਚਣ ਦੀ ਬੇਨਤੀ

ਸੰਤ ਬਾਬਾ ਮਹਾ ਹਰਨਾਮ ਸਿੰਘ ਭੁੱਚੋ ਵਾਲਿਆਂ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਾਰ ਮਿਤੀ 14 ਮਾਰਚ 2010 ਦਿਨ ਐਤਵਾਰ ਨੂੰ ਗੁਰੂ ਘਰ ਸਿੱਖ ਸੈਂਟਰ ਕੁਇਨਜ਼ ਵਿਲੇਜ ਖਾਲਸਾ ਸਕੂਲ 222-28 95ਵੇ AVE. ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਈ ਜਾ ਰਹੀ ਹੈ। ਜਿਸ ਵਿਚ ਸਮੂਹ ਸਿੱਖ ਸੰਗਤ ਗੁਰੂ ਘਰ ਪ੍ਰਬੰਧਕ ਕਮੇਟੀਆਂ ਤੇ ਸਮੂਹ ਜਥੇਬੰਦੀਆਂ ਨੂੰ ਪੰਹੁਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਪੰਥ ਪ੍ਰਸਿੱਧ ਰਾਗੀ ਜਥੇ ਤੇ ਕਥਾ ਵਾਚਕ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਹੋਰ ਜਾਣਕਾਰੀ ਲਈ 917-217-4991 ਜਾਂ ਦੇਖੋ ਪੇਜ 7

### ਦੇਵ ਰਾਜ ਡਿਪੋਰਟੇਸ਼ਨ ਕੇਸ ਦੁਬਾਰਾ ਖੁੱਲ੍ਹਿਆ

## ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਇਮੀਗ੍ਰੇਸ਼ਨ ਜੱਜ ਵਲੋਂ ਪਾਏ ਗਲਤ ਤੱਥਾਂ ਨੂੰ ਸਫਲ ਚੁਣੌਤੀ ਦਿੱਤੀ ਹੈ ਤੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਨੇ ਦੇਵ ਰਾਜ ਦੇ ਖਿਲਾਫ ਡਿਪੋਰਟੇਸ਼ਨ ਦੇ ਹੁਕਮ ਰੱਦ ਕਰ ਦਿੱਤੇ ਹਨ

ਨਿਊਯਾਰਕ -27 ਜੁਲਾਈ 2004 ਨੂੰ ਇਮੀਗ੍ਰੇਸ਼ਨ ਜੱਜ ਨੇ ਦੇਵ ਰਾਜ ਦੀ ਅਸਾਈਲਮ ਅਰਜ਼ੀ ਨੂੰ ਨਾਂਹ ਕਰ ਦਿੱਤਾ ਸੀ ਕਿਉਂਕਿ ਉਸ ਨੇ ਪਾਇਆ ਸੀ ਕਿ ਹਲਫੀਆ ਬਿਆਨ ਵਿਸ਼ਵਾਸ ਯੋਗ ਨਹੀਂ ਹੈ। ਜਦਕਿ 10 ਨਵੰਬਰ 2005 ਨੂੰ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਨੇ ਕੇਸ ਨੂੰ ਵਾਪਸ ਇਮੀਗ੍ਰੇਸ਼ਨ ਜੱਜ ਕੋਲ ਭੇਜ ਦਿੱਤਾ ਸੀ ਬੋਰਡ ਨੇ ਪਾਇਆ ਸੀ ਕਿ ਇਮੀਗ੍ਰਸ਼ਨ ਜੱਜ ਨੇ ਵਿਸ਼ਵਾਸ ਕਰਨ ਯੋਗ ਤੱਥ ਨਹੀਂ ਪੇਸ਼ ਕੀਤੇ। ਇਸ ਤੋਂ ਬਾਅਦ ਇਸੇ ਕੇਸ ਵਿਚ 4 ਫਰਵਰੀ 2008 ਨੂੰ ਇਮੀਗ੍ਰੇਸ਼ਨ ਜੱਜ ਨੇ ਇਕ ਵਾਰ ਫੇਰ ਦੇਵ ਰਾਜ ਦੀ ਅਸਾਈਲਮ ਬਾਰੇ ਅਰਜ਼ੀ ਨੂੰ ਨਾ ਮਨਜ਼ੂਰ ਕਰ ਦਿੱਤਾ ਸੀ। ਇਮੀਗ੍ਰੇਸ਼ਨ ਜੱਜ ਨੇ ਕਿਹਾ ਕਿ ਦੇਵ ਰਾਜ ਸੱਚ ਨਹੀਂ ਬੋਲ ਰਿਹਾ ਤੇ ਉਹ ਅਦਾਲਤ ਅੱਗੇ ਆਪਣੀ ਪਛਾਣ ਸਾਬਤ ਕਰਨ ਵਿਚ ਨਾਕਾਮ ਰਿਹਾ ਕਿਉਂਕਿ ਉਸ ਦੇ ਕਈ ਨਿੱਜੀ ਦਸਤਾਵੇਜ਼ਾਂ ਵਿਚ ਖਾਮੀਆਂ ਹਨ ਤੇ ਵਿਸ਼ਵਾਸ ਕਰਨਯੋਗ ਨਹੀਂ ਹਨ। ਇਮੀਗ੍ਰੇਸ਼ਨ ਜੱਜ ਵਲੋਂ ਦੇਵ ਰਾਜ ਦੇ ਕੇਸ ਨੂੰ ਨਾਮਨਜ਼ੂਰ ਕਰਨ ਤੋਂ ਬਾਅਦ ਉਸ ਨੂੰ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਸੀ ਪਰ ਇਸ ਤੋਂ ਬਾਅਦ ਅਟਾਰਨੀ ਗੁਰਪਤਵੰਤ ਸਿੰਘ ਪਨੂੰ ਨੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਅੱਗੇ ਅਪੀਲ ਕਰ ਕੀਤੀ ਤੇ ਡਿਪੋਰਟੇਸ਼ਨ ਦੇ ਹੁਕਮ ਰੱਦ ਕਰਵਾਏ। ਅਟਾਰਨੀ ਪੰਨੂ ਨੇ ਸਫਲ ਤਰੀਕੇ ***ਬਾਕੀ ਸਫਾ 17 'ਤੇ***

## ਰਾਜ ਸਭਾ 'ਚ ਔਰਤਾਂ ਦੇ ਰਾਖਵਾਂਕਰਨ ਬਾਰੇ ਇਤਿਹਾਸਕ ਬਿੱਲ ਭਾਰੀ ਬਹੁਮਤ ਨਾਲ ਪਾਸ

### ਹੱਕ 'ਚ ਪਈਆਂ 186 ਵੋਟਾਂ, ਭਾਜਪਾ ਤੇ ਖੱਬੇ ਪਖੀਆਂ ਨੇ ਕੀਤਾ ਸਮਰਥਨ



ਖੱਬੇ ਤੇ ਸੱਜੇ ਰਲ ਕੇ ਨੱਚੇ : ਔਰਤਾਂ ਬਾਰੇ ਰਾਖਵਾਂਕਰਨ ਬਿਲ ਪਾਸ ਹੋਣ 'ਤੇ ਕਮਿਊਨਿਸਟ ਪਾਰਟੀ ਆਗੂ ਬ੍ਰਿੰਦਾ ਕਰਾਤ ਤੇ ਭਾਜਪਾ ਆਗੂ ਸੁਸ਼ਮਾ ਸਵਰਾਜ ਜਿੱਤ ਦਾ ਜਸ਼ਨ ਮਨਾਉਂਦੀਆਂ ਹੋਈਆਂ।

ਨਵੀਂ ਦਿੱਲੀ- ਆਜ਼ਾਦ ਭਾਰਤ ਅੰਦਰ ਰਾਜ ਸਭਾ ਵਿਚ ਉਸ ਸਮੇਂ ਇਤਿਹਾਸ ਰਚਿਆ ਗਿਆ ਜਦੋਂ ਸਦਨ ਨੇ ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਰੱਖਣ ਲਈ ਔਰਤਾਂ ਬਾਰੇ ਰਾਖਵਾਂਕਰਨ ਬਿਲ ਪਾਸ ਕਰ ਦਿੱਤਾ। ਸਰਕਾਰ ਨੇ ਆਪਣੀ ਸਥਿਰਤਾ ਨੂੰ ਸੰਭਾਵਿਤ ਖਤਰੇ ਨੂੰ ਨਜ਼ਰ-ਅੰਦਾਜ਼ ਕਰਦਿਆਂ ਕੱਲ੍ਹ ਭਾਰੀ ਰੌਲੇ-ਰੱਪੇ ਦੌਰਾਨ ਬਿੱਲ ਨੂੰ ਰਾਜ ਸਭਾ ਵਿਚ ਪੇਸ਼ ਕੀਤਾ ਸੀ। ਲੋਕ ਸਭਾ ਵਿਚ ਬਿਲ ਪੇਸ਼ ਕਰਨ ਦੇ ਪਹਿਲੇ ਯਤਨ ਅਤੇ ਉਸ ਪਿੱਛੋਂ ਮਿਲੀਆਂ ਵਾਰ-ਵਾਰ ਅਸਫਲਤਾਵਾਂ ਤੋਂ 14 ਸਾਲ ਬਾਅਦ ਸੰਵਿਧਾਨਕ ਸੋਧ ਬਿੱਲ ਦੇ ਪੱਖ ਵਿਚ 186 ਅਤੇ ਵਿਰੋਧ ਵਿਚ ਸਿਰਫ ਇਕ ਵੋਟ ਪਈ। 245 ਮੈਂਬਰੀ ਸਦਨ ਵਿਚ ਮੌਜੂਦਾ ਸਮੇਂ ਮੈਂਬਰਾਂ ਦੀ ਗਿਣਤੀ 233 ਹੈ ਤੇ ਬਿੱਲ ਦੇ ਪਾਸ ਹੋਣ ਲਈ ***ਬਾਕੀ ਸਫਾ 17 'ਤੇ***

## ਕਾਨਪੁਰ 'ਚ ਰੇਲ ਗੱਡੀ ਤੇ ਟਰਾਲੀ ਦੀ ਟੱਕਰ 'ਚ 9 ਮੌਤਾਂ

ਲਖਨਊ-ਉਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ 'ਚ ਇਕ ਮਨੁੱਖ ਰਹਿਤ ਰੇਲਵੇ ਕਰਾਸਿੰਗ 'ਤੇ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਟਰਾਲੀ ਵਿਚ ਸਵਾਰ 9 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 16 ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਕ ਇਹ ਹਾਦਸਾ ਕਾਨਪੁਰ ਦੇ ਸ਼ਿਵਰਾਜਪੁਰ ਥਾਣੇ ਅਧੀਨ ਪੈਂਦੇ ਖੇਤਰ 'ਚ ਸਥਿਤ ਮਨੁੱਖ ਰਹਿਤ ਹਿਰਾਇਲੀ ਰੇਲਵੇ ਕਰਾਸਿੰਗ 'ਤੇ ਵਾਪਰਿਆ। ਸ਼ਿਵਰਾਜਪੁਰ ਥਾਣੇ ਦੇ ਮੁਖੀ ਦੁਰਗਾ ਦੱਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅੱਜ ਸਵੇਰੇ ਕਰੀਬ 10.30 ਵਜੇ ਮਨੁੱਖ ਰਹਿਤ ਰੇਲਵੇ ਕਰਾਸਿੰਗ 'ਤੇ ਫਰੁਖਾਬਾਦ-ਕਾਨਪੁਰ ਪੈਸੇਂਜਰ ਰੇਲ ਗੱਡੀ ਇਕ ਟਰੈਕਟਰ-ਟਰਾਲੀ ਨਾਲ ਟਕਰਾ ਗਈ। ਉਨ੍ਹਾਂ ਦੱਸਿਆ ਕਿ ਟਰੈਕਟਰ-ਟਰਾਲੀ 'ਚ ਕਰੀਬ 25 ਵਿਅਕਤੀ ਸਵਾਰ ਸਨ, ਜਿਨ੍ਹਾਂ 'ਚੋਂ 9 ਦੀ ਮੌਕੇ 'ਤੇ ਮੌਤ ਹੋ ਗਈ ਅਤੇ ***ਬਾਕੀ ਸਫਾ 17 'ਤੇ***

## ਗਿਆਨੀ ਸਾਹਬ ਸਿੰਘ ਜੀ ਕੈਨੇਡਾ ਵਾਲੇ ਗੁਰੂ ਘਰ ਸਿੱਖ ਸੈਂਟਰ ਕੁਇਨਜ਼ ਵਿਲੇਜ 222 'ਤੇ 14 ਤੋਂ 21 ਮਾਰਚ ਤਕ ਕਥਾ ਕਰਨਗੇ

ਗਿਆਨੀ ਸਾਹਬ ਸਿੰਘ ਜੀ ਕੈਨੇਡਾ ਵਾਲੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਹੈ ਅਤੇ ਸਿੱਖ ਪੰਥ ਦੇ ਮਹਾਨ ਵਿਦਵਾਨ ਹਨ ਉਹ 14 ਮਾਰਚ ਤੋਂ ਲੈ ਕੇ 21 ਮਾਰਚ ਤਕ ਗੁਰੂ ਘਰ ਸਿੱਖ ਸੈਂਟਰ ਕੁਇਨਜ਼ ਵਿਲੇਜ 222 ਵਿਖੇ ਸੰਗਤਾਂ ਨੂੰ ਕਥਾ ਰਾਹੀਂ ਨਿਹਾਲ ਕਰਨਗੇ। ਗੁਰੂ ਪਿਆਰੀ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰੂ ਦਾ ਜੱਸ ਸੁਣ ਕੇ ਆਪਣਾ ਜੀਵਨ ਸਫਲ ਕਰੋ ਜੀ।

### ਬੀਐਮਡਬਲਿਊ ਹਿੱਟ ਐਂਡ ਰਨ ਮਾਮਲਾ

## ਸੀਨੀਅਰ ਵਕੀਲ ਆਨੰਦ ਨੇ ਸੁਪਰੀਮ ਕੋਰਟ ਤੋਂ ਮੁਆਫ਼ੀ ਮੰਗੀ

ਨਵੀਂ ਦਿੱਲੀ - ਬੀਐਮਡਬਲਿਊ ਹਿੱਟ ਐਂਡ ਰਨ ਮਾਮਲੇ 'ਚ ਨਿਆਂ ਨੂੰ ਪ੍ਰਭਾਵਤ ਕਰਨ ਦੇ ਮਾਮਲੇ 'ਚ ਦੋਸ਼ੀ ਪਾਏ ਗਏ ਸੀਨੀਅਰ ਵਕੀਲ ਆਰ ਕੇ ਆਨੰਦ ਨੇ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫ਼ੀ ਮੰਗੀ ਹੈ। ਆਨੰਦ ਨੇ 2007 'ਚ ਇਕ ਨਿਊਜ਼ ਚੈਨਲ ਦੁਆਰਾ ਕੀਤੇ ਗਏ ਸਟਿੰਗ ਅਪਰੇਸ਼ਨ 'ਚ ਉਨ੍ਹਾਂ ਸਬੰਧੀ ਦਿਖਾਈਆਂ ਗਈਆਂ ਸਾਰੀਆਂ ਗਤੀਵਿਧੀਆਂ ਲਈ ਬਿਨਾਂ ਸ਼ਰਤ ਮੁਆਫ਼ੀ ਮੰਗੀ ਹੈ। ਵਕੀਲ ਆਨੰਦ ਦਾ ਇਹ ਜਵਾਬ ਉਦੋਂ ਆਇਆ ਜਦੋਂ ਉਚ ਅਦਾਲਤ ਨੇ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ ਕਿਉਂ ਨਾ ਇਸ ਮਾਮਲੇ 'ਚ ਹੋਰ ਸਜ਼ਾ ਦਿੱਤੀ ਜਾਵੇ। ਸ੍ਰੀ ਆਨੰਦ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਅਦਾਲਤ ਦੀ ਉਲੰਘਣਾ ਦੀ ਧਾਰਾ 12 ਦੇ ਤਹਿਤ ਉਨ੍ਹਾਂ ਦੀ ਸਜ਼ਾ ਨੂੰ ਵਧਾਇਆ ***ਬਾਕੀ ਸਫਾ 17 'ਤੇ***

## ਹੀਰੋ ਹਾਂਡਾ ਐਫਆਈਐਚ ਹਾਕੀ ਵਿਸ਼ਵ ਕੱਪ

### ਨਿਊਜ਼ੀਲੈਂਡ ਨੂੰ ਪਛਾੜ ਕੇ ਜਰਮਨੀ ਸੈਮੀ.ਫਾਈਨਲ 'ਚ

ਨਵੀਂ ਦਿੱਲੀ-ਮੌਜੂਦਾ ਚੈਂਪੀਅਨ ਜਰਮਨੀ ਦੀ ਟੀਮ ਨੇ ਸਥਾਨਕ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਖੇਡੇ ਜਾ ਰਹੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਦੇ ਸੈਮੀ.ਫ਼ਾਈਨਲ 'ਚ ਸਥਾਨ ਬਣਾ ਲਿਆ ਹੈ। ਅੱਜ ਹੋਏ ਇੱਕ ਮੈਚ ਵਿਚ ਜਰਮਨੀ ਨੇ ਨਿਊਜ਼ੀਲੈਂਡ ਨੂੰ 5-2 ਨਾਲ ਹਰਾਇਆ। ਜਰਮਨੀ ਵੱਲੋਂ ਪਹਿਲੇ ਅੱਧ ਦੌਰਾਨ 15ਵੇਂ ਮਿੰਟ ਵਿਚ ਕ੍ਰਿਸਟੋਫ਼ ਮੈਨਕੇ ਤੇ ਫਲੋਰੀਅਨ ਫੁਸ਼ ਨੇ 28ਵੇਂ ਮਿੰਟ 'ਚ ਗੋਲ ਦਾਗ਼ੇ। ਦੂਜੇ ਅੱਧ ਦੌਰਾਨ ਜਰਮਨੀ ਵੱਲੋਂ ਫ਼ਿਲਿਪ ਵਾਈਟੇ, ਮੌਰਿਟਜ਼ ਫਰਸਟੇ ਤੇ ਮੈਥੀਆਸ ਵਿਟਹੌਸ ਅਤੇ ਨਿਊਜ਼ੀਲੈਂਡ ਵੱਲੋਂ ਸ਼ੀਆ ਮੈਕਐਲੀਸ ਤੇ ਨਿਕੋਲਸ ਵਿਲਸਨ ਨੇ ਗੋਲ ਕੀਤੇ। ਹੁਣ ਜਰਮਨੀ ਦੇ 11 ਅੰਕ ਹੋ ਗਏ ਹਨ। ਆਸਟਰੇਲੀਆ ਅਤੇ ਯੂਰਪੀਅਨ ਚੈਂਪੀਅਨ ਇੰਗਲੈਂਡ ਦੀਆਂ ਟੀਮਾਂ ਪਹਿਲਾਂ ਹੀ ਆਖਰੀ ਚਾਰਾਂ ਵਿਚ ਸਥਾਨ ਬਣਾ ਚੁੱਕੀਆਂ ਹਨ।







